BC WOMEN'S HOSPITAL
& HEALTH CENTRE
An agency of the Provincial Health Services Authority

# ਇੰਟਰਾਵੀਨਸ ਫੈਂਟਾਨਿਲ ਬਾਰੇ ਜਾਣਕਾਰੀ

**Information about Intravenous Fentanyl**

www.bcwomens.ca

## ਫੈਂਟਾਨਿਲ ਕੀ ਹੈ?

ਇਹ ਦਰਦ ਤੋਂ ਆਰਾਮ ਦੇਣ ਵਾਲੀ ਇਕ ਤਾਕਤਵਰ ਦਵਾਈ ਹੈ। ਇਹ ਮੌਰਫੀਨ ਵਰਗੀ ਇਕ ਨਸ਼ੀਲੀ ਦਵਾਈ ਹੈ। ਇਹ ਲੇਬਰ ਦੀਆਂ ਪੀੜਾਂ ਘਟਾਉਣ ਵਿਚ ਮਦਦ ਕਰਨ ਲਈ ਦਿੱਤੀ ਜਾਂਦੀ ਹੈ। ਕੁਝ ਔਰਤਾਂ ਦਾ ਕਹਿਣਾ ਹੈ ਕਿ ਇਹ ਦਵਾਈ ਦਰਦ ਦੀ ਤੇਜ਼ੀ ਘੱਟ ਕਰਦੀ ਹੈ ਅਤੇ ਉਹ ਦਰਦ ਨੂੰ ਬਿਹਤਰ ਸਹਿ ਸਕੀਆਂ ਹਨ। ਇਹ ਬਹੁਤ ਸਾਰੀ ਦਰਦ ਹਟਾ ਦੇਵੇਗੀ ਪਰ ਸਾਰੀ ਨਹੀਂ। ਲੇਬਰ ਦੀ ਸਾਰੀ ਦਰਦ ਘਟਾਉਣ ਲਈ ਦਵਾਈ ਦੀ ਜ਼ਿਆਦਾ ਮਾਤਰਾ ਨਾਲ ਤੁਹਾਨੂੰ ਬਹੁਤ ਨੀਂਦ ਆਵੇਗੀ, ਤੁਹਾਡਾ ਬਲੱਡ ਪਰੈਸ਼ਰ ਘਟੇਗਾ ਅਤੇ ਇਸ ਨਾਲ ਤੁਹਾਡੀ ਸਾਹ ਲੈਣ ਦੀ ਸਮਰੱਥਾ ਘਟ ਜਾਵੇਗੀ। ਅਜਿਹਾ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਖ਼ਤਰਨਾਕ ਹੋ ਸਕਦਾ ਹੈ।

## ਇਹ ਕਿਵੇਂ ਦਿੱਤੀ ਜਾਂਦੀ ਹੈ?

ਇਹ ਤੁਹਾਨੂੰ ਇਸ ਤਰੀਕੇ ਨਾਲ ਦਿੱਤੀ ਜਾਂਦੀ ਹੈ ਕਿ ਇਹ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਸੁਰੱਖਿਅਤ ਰਹੇ।

- ਸਭ ਤੋਂ ਪਹਿਲਾਂ ਨਰਸ ਤੁਹਾਡੇ ਹੱਥ ਜਾਂ ਬਾਂਹ ਵਿਚ ਇਕ ਛੋਟੀ ਟਿਊਬ ਚਾੜ੍ਹੇਗੀ ਜਿਸ ਨੂੰ ਇੰਟਰਾਵੀਨਸ ਜਾਂ ਆਈ ਵੀ ਕਿਹਾ ਜਾਂਦਾ ਹੈ।
- ਇਹ ਦੋ ਤਰੀਕਿਆਂ ਨਾਲ ਦਿੱਤੀ ਜਾ ਸਕਦੀ ਹੈ। ਤੁਹਾਡੀ ਨਰਸ, ਡਾਕਟਰ, ਜਾਂ ਮਿਡਵਾਈਫ ਤੁਹਾਨੂੰ ਫੈਂਟਾਨਿਲ ਆਈ ਵੀ ਟਿਊਬ ਰਾਹੀਂ ਦੇ ਸਕਦੇ ਹਨ। ਦੂਜਾ ਤਰੀਕਾ ਇਹ ਹੈ ਕਿ ਤੁਸੀਂ ਆਪ, ਆਈ ਵੀ ਰਾਹੀਂ ਆਪਣੇ ਆਪ ਨੂੰ ਇਕ ਪੰਪ ਨਾਲ ਦਵਾਈ ਦੇ ਸਕਦੇ ਹੋ, ਜਿਹੜਾ ਤੁਹਾਨੂੰ ਹਰ ਘੰਟੇ ਫੈਂਟਾਨਿਲ ਦੀਆਂ ਡੋਜ਼ਾਂ ਦੀ ਗਿਣਤੀ ਕੰਟਰੋਲ ਕਰਨ ਦਿੰਦਾ ਹੈ। ਇਸ ਨੂੰ ਪੇਸ਼ੈਂਟ ਕੰਟਰੋਲਡ ਪੰਪ (ਮਰੀਜ਼ ਦੇ ਕੰਟਰੋਲ ਹੇਠਲਾ ਪੰਪ) ਕਿਹਾ ਜਾਂਦਾ ਹੈ। ਜੇ ਤੁਸੀਂ ਪੰਪ ਵਰਤ ਰਹੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਬਹੁਤ ਜ਼ਿਆਦਾ ਦਵਾਈ ਨਹੀਂ ਦੇ ਸਕਦੇ ਕਿਉਂਕਿ ਪੰਪ, ਸੈੱਟ ਕੀਤੇ ਗਏ ਵਕਫਿਆਂ 'ਤੇ ਦਵਾਈ ਦੀਆਂ ਸਿਰਫ਼ ਸੁਰੱਖਿਅਤ ਡੋਜ਼ਾਂ ਦੇਣ ਲਈ ਸੈੱਟ ਕੀਤਾ ਗਿਆ ਹੁੰਦਾ ਹੈ।

## ਫੈਂਟਾਨਿਲ ਦੇ ਸਾਈਡ ਇਫੈਕਟ

- ਤੁਹਾਨੂੰ ਨੀਂਦ ਆ ਸਕਦੀ ਹੈ ਅਤੇ ਤੁਸੀਂ ਆਰਾਮਦੇਹ ਮਹਿਸੂਸ ਕਰ ਸਕਦੇ ਹੋ।
- ਤੁਹਾਡਾ ਸਾਹ ਹੌਲੀ ਹੋ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਕੁਝ ਔਰਤਾਂ ਨੂੰ ਆਕਸੀਜਨ ਦੇਣ ਅਤੇ ਉਨ੍ਹਾਂ 'ਤੇ ਨੇੜਿਉਂ ਨਿਗ੍ਹਾ ਰੱਖਣ ਦੀ ਲੋੜ ਪੈਂਦੀ ਹੈ।
- ਤੁਹਾਨੂੰ ਆਪਣੇ ਢਿੱਡ ਵਿਚ ਗੜਬੜ ਮਹਿਸੂਸ ਹੋ ਸਕਦੀ ਹੈ। ਹੋਰ ਨਸ਼ੀਲੀਆਂ ਦਵਾਈਆਂ ਦੇ ਮੁਕਾਬਲੇ ਫੈਂਟਾਨਿਲ ਨਾਲ ਅਜਿਹਾ ਘੱਟ ਹੁੰਦਾ ਹੈ।
- ਤੁਹਾਡੇ ਖਾਜ ਆ ਸਕਦੀ ਹੈ।

ਸਾਈਡ ਇਫੈਕਟ ਜਾਰੀ...

- ਫੈਂਟਾਨਿਲ ਔਲ (ਪਲੈਸੈਂਟਾ) ਨੂੰ ਪਾਰ ਕਰਕੇ ਤੁਹਾਡੇ ਬੱਚੇ ਤੱਕ ਜਾਂਦੀ ਹੈ। ਤੁਹਾਡਾ ਬੱਚਾ ਵੀ ਨੀਂਦ ਵਿਚ ਹੋ ਸਕਦਾ ਹੈ ਅਤੇ ਹੋ ਸਕਦਾ ਜਨਮ ਵੇਲੇ ਚੰਗੀ ਤਰ੍ਹਾਂ ਸਾਹ ਨਾ ਲੈਂਦਾ ਹੋਵੇ ਜਾਂ ਉਸ ਦੇ ਦਿਲ ਦੀ ਧੜਕਣ ਹੌਲੀ ਚੱਲ ਰਹੀ ਹੋਵੇ। ਜੇ ਅਜਿਹਾ ਹੁੰਦਾ ਹੈ ਤਾਂ ਤੁਹਾਡੇ ਬੱਚੇ ਦੇ ਹੌਲੀ ਹੋਏ ਸਾਹ ਨੂੰ ਠੀਕ ਕਰਨ ਲਈ ਨਾਲੌਕਸਨ ਨਾਂ ਦੀ ਇਕ ਦਵਾਈ ਦਿੱਤੀ ਜਾ ਸਕਦੀ ਹੈ। ਕਦੇ ਕਦੇ, ਜੇ ਤੁਹਾਨੂੰ ਫੈਂਟਾਨਿਲ ਦੀ ਵੱਡੀ ਡੋਜ਼ ਦਿੱਤੀ ਗਈ ਹੈ ਤਾਂ ਤੁਹਾਡੇ ਬੱਚੇ ਦੇ ਸਾਹ 'ਤੇ ਕਈ ਘੰਟੇ ਨੇੜਿਉਂ ਨਿਗ੍ਹਾ ਰੱਖੀ ਜਾ ਸਕਦੀ ਹੈ।
- ਤੁਹਾਡੇ ਬੱਚੇ ਨੂੰ ਦੁੱਧ ਚੁੰਘਣਾ ਸ਼ੁਰੂ ਕਰਨ ਵਿਚ ਮੁਸ਼ਕਲ ਆ ਸਕਦੀ ਹੈ ਕਿਉਂਕਿ ਉਹ ਸੁੱਤਾ ਹੁੰਦਾ ਹੈ। ਤੁਹਾਨੂੰ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਲਈ ਹੋਰ ਮਦਦ ਦੀ ਲੋੜ ਪੈ ਸਕਦੀ ਹੈ। ਤੁਹਾਡੀ ਨਰਸ ਅਤੇ/ਜਾਂ ਦੁੱਧ ਚੁੰਘਾਉਣ ਬਾਰੇ ਸਲਾਹਕਾਰ (ਲਕਟੇਸ਼ਨ ਕਨਸਲਟੇਂਟ) ਬੱਚੇ ਨੂੰ ਦੁੱਧ ਚੁੰਘਾਉਣ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋਣਗੀਆਂ।

## ਇਹ ਕੀ ਨਹੀਂ ਕਰਦੀ?

- ਫੈਂਟਾਨਿਲ ਤੁਹਾਡੀ ਸਾਰੀ ਦਰਦ ਨਹੀਂ ਹਟਾਏਗੀ।
- ਫੈਂਟਾਨਿਲ ਦਰਦ ਤੋਂ ਇੰਨਾ ਆਰਾਮ ਨਹੀਂ ਦਿੰਦੀ ਕਿ ਤੁਹਾਡਾ ਡਾਕਟਰ/ਮਿਡਵਾਈਫ ਤੁਹਾਡੇ ਬੱਚੇ ਦੀ ਪੈਦਾਇਸ਼ ਫੋਰਸਿਪਸ ਜਾਂ ਵੈਕਿਊਮ ਦੀ ਵਰਤੋਂ ਕਰਕੇ ਕਰ ਸਕਣ।
- ਜੇ ਤੁਹਾਡੀ ਲੇਬਰ ਬਹੁਤ ਲੰਮੀ ਜਾਂ ਔਖੀ ਹੋ ਜਾਵੇ ਤਾਂ ਹੋ ਸਕਦਾ ਇਹ ਦਵਾਈ ਬਾਅਦ ਵਿਚ ਦਰਦ ਘਟਾਉਣ ਵਿਚ ਇੰਨੀ ਮਦਦ ਨਾ ਕਰੇ। ਤੁਹਾਨੂੰ ਦਰਦ ਤੋਂ ਆਰਾਮ ਦੇ ਕਿਸੇ ਹੋਰ ਤਰੀਕੇ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਇਪੀਡੂਰਲ। ਇਪੀਡੂਰਲ ਸਾਰੀ ਲੇਬਰ ਲਈ ਲੰਮਾ ਸਮਾਂ ਆਰਾਮ ਦਿੰਦੀ ਹੈ।

**ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਪੁੱਛੋ।**

4500 Oak Street, Vancouver, B.C. V6H 3N1 ◆ Phone: 604-875-2000 ◆ Free in BC 1-888-300-3088

© BC Women's Hospital & Health Centre - June 2011 - BCW766 [Punjabi]